# ਐਪ-ਅਧਾਰਿਤ ਰਾਈਡ-ਹੇਲ ਅਤੇ ਡਿਲੀਵਰੀ ਸੇਵਾਵਾਂ ਦੇ ਕਾਮਿਆਂ ਲਈ ਘੱਟੋ-ਘੱਟ ਮਿਆਰਾਂ ਅਤੇ ਸੁਰੱਖਿਆਵਾਂ ਬਾਰੇ ਸੰਖੇਪ ਜਾਣਕਾਰੀ

3 ਸਤੰਬਰ, 2024 ਤੋਂ, ਨਵੇਂ ਨਿਯਮਾਂ ਅਧੀਨ ਐਪ-ਅਧਾਰਿਤ ਰਾਈਡ-ਹੇਲ ਅਤੇ ਡਿਲੀਵਰੀ ਸੇਵਾਵਾਂ ਦੇ ਕਾਮਿਆਂ ਲਈ ਹੇਠ ਲਿਖੇ ਘੱਟੋ-ਘੱਟ ਮਿਆਰ ਅਤੇ ਸੁਰੱਖਿਆਵਾਂ ਲਾਗੂ ਹੁੰਦੇ ਹਨ।

## ਰੁਜ਼ਗਾਰ ਦੇ ਘੱਟੋ-ਘੱਟ ਮਿਆਰ

ਇਨ੍ਹਾਂ ਨਿਯਮਾਂ ਦੇ ਉਦੇਸ਼ ਲਈ, "ਇੰਗੇਜਡ ਟਾਈਮ" ਉਸ ਵੇਲੇ ਸ਼ੁਰੂ ਹੁੰਦਾ ਹੈ ਜਦੋਂ ਕੋਈ ਵਰਕਰ ਕੋਈ ਅਸਾਈਨਮੈਂਟ ਜਾਂ ਕੰਮ ਸਵੀਕਾਰ ਕਰਦਾ ਹੈ ਅਤੇ ਉਸ ਵੇਲੇ ਖਤਮ ਹੁੰਦਾ ਹੈ ਜਦੋਂ ਉਹ ਅਸਾਈਨਮੈਂਟ ਪੂਰੀ ਹੋ ਜਾਂਦੀ ਹੈ। ਇਸ ਵਿੱਚ ਅਸਾਈਨਮੈਂਟਾਂ ਦੇ ਵਿਚਕਾਰ ਅਗਲੀ ਅਸਾਈਨਮੈਂਟ ਦੀ ਉਡੀਕ ਕਰਨ ਵਿੱਚ ਬਿਤਾਇਆ ਸਮਾਂ ਸ਼ਾਮਲ ਨਹੀਂ ਹੁੰਦਾ।

### 'ਮਿਨੀਮਮ ਵੇਜ' ਜਾਂ ਪ੍ਰਤੀ ਘੰਟਾ ਘੱਟ ਤੋਂ ਘੱਟ ਭੁਗਤਾਨ

- ਇੰਗੇਜਡ ਟਾਈਮ ਲਈ ਮਿਨੀਮਮ ਵੇਜ $21.89 ਪ੍ਰਤੀ ਘੰਟਾ ਹੈ, ਜੋ ਕਿ ਬੀ.ਸੀ. ਦੀ ਆਮ ਮਿਨੀਮਮ ਵੇਜ (ਮੌਜੂਦਾ ਸਮੇਂ 'ਤੇ $18.25) ਦਾ ਲਗਭਗ 120% ਹੈ
- ਜੇਕਰ ਕਿਸੇ ਤਨਖਾਹ ਮਿਆਦ ਵਿੱਚ ਕੀਤੀ ਗਈ ਕਮਾਈ, ਕੰਮ ਕੀਤੇ ਗਏ ਸਾਰੇ ਇੰਗੇਜਡ ਟਾਈਮ ਲਈ ਲਾਗੂ ਮਿਨੀਮਮ ਵੇਜ ਤੋਂ ਘੱਟ ਹੋਵੇ, ਤਾਂ ਪਲੈਟਫਾਰਮ ਕੰਪਨੀਆਂ ਨੂੰ ਬਾਕੀ ਰਹਿੰਦੀ ਰਕਮ ਪੂਰੀ ਕਰਕੇ ਦੇਣੀ ਲਾਜ਼ਮੀ ਹੈ
- ਟਿਪਸ ਨੂੰ ਮਿਨੀਮਮ ਵੇਜ ਦੀ ਗਿਣਤੀ ਵਿੱਚ ਸ਼ਾਮਲ ਨਹੀਂ ਕੀਤਾ ਜਾਂਦਾ
- ਬੀ.ਸੀ. ਵਿੱਚ ਹੋਰ ਮਿਨੀਮਮ ਵੇਜਾਂ ਵਾਂਗ, ਇਹ ਮਿਨੀਮਮ ਵੇਜ ਵੀ ਮਹਿੰਗਾਈ ਦਰ ਦੇ ਅਨੁਸਾਰ ਹਰ ਸਾਲ ਵਧਦੀ ਹੈ, ਅਤੇ ਇਸ ਵਿੱਚ ਆਪਣੇ ਆਪ ਹੋਣ ਵਾਲਾ ਅਗਲਾ ਵਾਧਾ ਜੂਨ 2027 ਵਿੱਚ ਹੋਵੇਗਾ

### ਖ਼ਰਚੇ

- ਨਿਯਮਾਂ ਅਨੁਸਾਰ, ਇੰਗੇਜਡ ਟਾਈਮ ਦੌਰਾਨ ਕੰਮ ਲਈ ਨਿੱਜੀ ਵਾਹਨ ਦੀ ਵਰਤੋਂ ਕਰਦੇ ਸਮੇਂ ਕਾਮਿਆਂ ਵੱਲੋਂ ਕੀਤੇ ਗਏ ਖ਼ਰਚਿਆਂ ਲਈ ਉਨ੍ਹਾਂ ਨੂੰ ਮੁਆਵਜ਼ਾ ਦਿੱਤਾ ਜਾਣਾ ਲਾਜ਼ਮੀ ਹੈ
  - ਰਾਈਡ-ਹੇਲ ਅਸਾਈਨਮੈਂਟਾਂ ਲਈ ਘੱਟੋ-ਘੱਟ 45 ਸੈਂਟ ਪ੍ਰਤੀ ਕਿਲੋਮੀਟਰ
  - ਡਿਲੀਵਰੀ ਅਸਾਈਨਮੈਂਟਾਂ ਲਈ ਘੱਟੋ-ਘੱਟ 35 ਸੈਂਟ ਪ੍ਰਤੀ ਕਿਲੋਮੀਟਰ। ਇਸ ਵਿੱਚ ਵਾਹਨਾਂ ਦੇ ਨਾਲ-ਨਾਲ ਸਾਈਕਲਾਂ ਅਤੇ ਸਕੂਟਰਾਂ ਦੀ ਵਰਤੋਂ ਵੀ ਸ਼ਾਮਲ ਹੈ
  - ਰਾਈਡ-ਹੇਲ ਅਸਾਈਨਮੈਂਟਾਂ ਲਈ ਦਰਾਂ ਵੱਧ ਹਨ ਕਿਉਂਕਿ ਕਾਨੂੰਨ ਅਨੁਸਾਰ ਇਨ੍ਹਾਂ ਕਰਮਚਾਰੀਆਂ ਨੂੰ 10 ਸਾਲ ਤੋਂ ਵੱਧ ਪੁਰਾਣੇ ਵਾਹਨ ਵਰਤਣ ਦੀ ਆਗਿਆ ਨਹੀਂ ਹੈ, ਜਦਕਿ ਡਿਲੀਵਰੀ ਵਰਕਰ 10 ਸਾਲ ਤੋਂ ਪੁਰਾਣੇ ਵਾਹਨ ਵਰਤ ਸਕਦੇ ਹਨ
  - ਵਾਹਨ ਸੰਬੰਧੀ ਖ਼ਰਚਿਆਂ ਲਈ ਦਿੱਤਾ ਜਾਣ ਵਾਲਾ ਮੁਆਵਜ਼ਾ ਮਿਨੀਮਮ ਵੇਜ ਤੋਂ ਵੱਖਰਾ ਹੈ

## ਟਿਪਸ ਸੰਬੰਧੀ ਸੁਰੱਖਿਆਵਾਂ

- ਟਿਪਸ ਦਾ 100% ਹਿੱਸਾ ਕਾਮਿਆਂ ਨੂੰ ਅਦਾ ਕੀਤਾ ਜਾਣਾ ਲਾਜ਼ਮੀ ਹੈ
- ਪਲੈਟਫਾਰਮ ਕੰਪਨੀਆਂ ਟਿਪਸ ਨੂੰ ਰੋਕ ਨਹੀਂ ਸਕਦੀਆਂ ਜਾਂ ਟਿਪਸ ਵਿੱਚੋਂ ਕੋਈ ਕਟੌਤੀ ਨਹੀਂ ਕਰ ਸਕਦੀਆਂ

## ਭੁਗਤਾਨ ਅਤੇ ਮੰਜ਼ਿਲ ਬਾਰੇ ਸਪੱਸ਼ਟ ਜਾਣਕਾਰੀ

- ਜਦੋਂ ਕੋਈ ਪਲੈਟਫਾਰਮ ਕੰਪਨੀ ਕਿਸੇ ਕਾਮੇ ਨੂੰ ਕੋਈ ਅਸਾਈਨਮੈਂਟ ਦੀ ਪੇਸ਼ਕਸ਼ ਕਰਦੀ ਹੈ, ਤਾਂ ਕੰਪਨੀ ਨੂੰ ਇਹ ਯਕੀਨੀ ਬਣਾਉਣਾ ਲਾਜ਼ਮੀ ਹੈ ਕਿ ਕਾਮਾ ਉਸ ਅਸਾਈਨਮੈਂਟ ਨੂੰ ਪੂਰਾ ਕਰਨ ਲਈ ਅਨੁਮਾਨਿਤ ਕੁੱਲ ਕਮਾਈ (ਵੇਜਾਂ ਅਤੇ ਦੂਰੀ ਸੰਬੰਧੀ ਖ਼ਰਚਾ ਭੱਤੇ ਸਮੇਤ, ਪਰ ਟਿਪਸ ਤੋਂ ਬਿਨਾਂ) ਦੇਖ ਸਕੇ
- ਪਲੈਟਫਾਰਮ ਕੰਪਨੀਆਂ ਨੂੰ ਹਰ ਤਨਖ਼ਾਹ ਮਿਆਦ ਦੌਰਾਨ ਕਾਮਿਆਂ ਨੂੰ ਵੇਜ ਸਟੇਟਮੈਂਟਾਂ ਦੇਣੀਆਂ ਲਾਜ਼ਮੀ ਹਨ

- ਪਲੈਟਫਾਰਮ ਕੰਪਨੀਆਂ ਨੂੰ ਕਿਸੇ ਕਾਮੇ ਨੂੰ ਅਸਾਈਨਮੈਂਟ ਦੀ ਪੇਸ਼ਕਸ਼ ਕਰਦੇ ਸਮੇਂ ਸਾਰੇ ਪਿਕਅੱਪ ਅਤੇ ਡਿਲੀਵਰੀ ਸਥਾਨਾਂ ਦੀ ਜਾਣਕਾਰੀ (300 ਮੀਟਰ ਦੇ ਦਾਇਰੇ ਅੰਦਰ) ਦੇਣੀ ਲਾਜ਼ਮੀ ਹੈ

### ਮੁਅੱਤਲੀਆਂ ਅਤੇ ਸੇਵਾ-ਸਮਾਪਤੀਆਂ

- ਪਲੈਟਫਾਰਮ ਕੰਪਨੀਆਂ ਲਈ ਇਹ ਲਾਜ਼ਮੀ ਹੈ ਕਿ ਉਹ ਕਿਸੇ ਕਾਮੇ ਨੂੰ ਉਸਦੇ ਅਕਾਊਂਟ ਦੀ ਅਸਥਾਈ ਮੁਅੱਤਲੀ ਜਾਂ ਉਸ ਨੂੰ ਸਥਾਈ ਤੌਰ 'ਤੇ ਬੰਦ ਕਰਨ (deactivation) ਦੇ ਕਾਰਨ ਬਾਰੇ ਲਿਖਤੀ ਰੂਪ ਵਿੱਚ ਜਾਣਕਾਰੀ ਦੇਣ
  - ਅਸਥਾਈ ਮੁਅੱਤਲੀਆਂ ਦੇ ਮਾਮਲੇ ਵਿੱਚ, ਕਈ ਸਥਿਤੀਆਂ ਵਿੱਚ ਕੰਪਨੀਆਂ ਨੂੰ 14 ਦਿਨਾਂ ਦੇ ਅੰਦਰ ਜਾਂ ਤਾਂ ਕਾਮੇ ਨੂੰ ਮੁੜ ਬਹਾਲ ਕਰਨਾ ਜਾਂ ਉਸਦਾ ਅਕਾਊਂਟ ਸਥਾਈ ਤੌਰ 'ਤੇ ਬੰਦ ਕਰਨਾ ਲਾਜ਼ਮੀ ਹੈ
- ਜੇਕਰ ਪਲੈਟਫਾਰਮ ਕੰਪਨੀ ਕਿਸੇ ਕਾਮੇ ਦੀਆਂ ਸੇਵਾਵਾਂ ਸਥਾਈ ਤੌਰ 'ਤੇ ਸਮਾਪਤ ਕਰਨਾ ਚਾਹੁੰਦੀ ਹੈ, ਤਾਂ ਉਸ ਨੂੰ ਨੌਕਰੀ ਦੀ ਮਿਆਦ ਦੇ ਆਧਾਰ 'ਤੇ ਲਿਖਤੀ ਨੋਟਿਸ ਜਾਂ ਮੁਆਵਜ਼ਾ ਦੇਣਾ ਲਾਜ਼ਮੀ ਹੈ, ਜਦੋਂ ਤੱਕ ਕਿ ਸੇਵਾ ਸਮਾਪਤੀ ਲਈ ਉਚਿਤ ਕਾਰਨ ਨਾ ਹੋਵੇ

### 'ਇੰਪਲੌਇਮੈਂਟ ਸਟੈਂਡਰਡਜ਼ ਐਕਟ' ਅਧੀਨ ਉਹ ਮਿਆਰ ਜੋ ਐਪ-ਅਧਾਰਿਤ ਕਾਮਿਆਂ 'ਤੇ ਲਾਗੂ ਨਹੀਂ ਹੁੰਦੇ

- ਕੰਮ ਦੇ ਘੰਟੇ ਅਤੇ ਓਵਰਟਾਈਮ (ਕਾਮੇ ਕਿੰਨਾ ਸਮਾਂ ਕੰਮ ਕਰ ਸਕਦੇ ਹਨ, ਉਹ ਕਦੋਂ ਬਰੇਕਾਂ ਦੇ ਹੱਕਦਾਰ ਹੁੰਦੇ ਹਨ, ਅਤੇ ਵਾਧੂ ਘੰਟਿਆਂ ਲਈ ਓਵਰਟਾਈਮ ਵੇਜ ਦੇ ਨਿਯਮ)
- ਸਟੇਟ (ਸਰਕਾਰੀ) ਛੁੱਟੀਆਂ (ਸਟੇਟ ਛੁੱਟੀਆਂ ਵਾਲੇ ਦਿਨ ਕੰਮ ਕਰਨ ਲਈ ਵਾਧੂ ਵੇਜ)
- ਤਨਖ਼ਾਹ ਸਮੇਤ ਛੁੱਟੀਆਂ (ਜਿਨ੍ਹਾਂ ਵਿੱਚ ਬਿਮਾਰ ਹੋਣ ਜਾਂ COVID-19 ਟੀਕਾਕਰਣ ਕਰਵਾਉਣ ਲਈ ਤਨਖ਼ਾਹ ਸਮੇਤ ਛੁੱਟੀ ਦੇ ਹੱਕ ਸ਼ਾਮਲ ਹਨ)
- ਸਲਾਨਾ ਛੁੱਟੀ (ਛੁੱਟੀ ਦੇ ਸਮੇਂ ਅਤੇ ਤਨਖ਼ਾਹ ਸਮੇਤ ਛੁੱਟੀ ਸੰਬੰਧੀ ਹੱਕ)

ਇਨ੍ਹਾਂ ਕਾਮਿਆਂ ਲਈ ਘੱਟੋ-ਘੱਟ ਰੁਜ਼ਗਾਰ ਮਿਆਰਾਂ ਬਾਰੇ ਵਧੇਰੇ ਜਾਣਕਾਰੀ ਲਈ, ਇਸ ਲਿੰਕ 'ਤੇ ਜਾਓ: https://www2.gov.bc.ca/gov/content/employment-business/employment-standards-advice/employment-standards/forms-resources/igm

## ਕਾਮਿਆਂ ਦੇ ਮੁਆਵਜ਼ੇ ਸੰਬੰਧੀ ਸੁਰੱਖਿਆਵਾਂ

- 'ਵਰਕਸੇਫ਼ ਬੀ ਸੀ' ਵੱਲੋਂ ਦਿੱਤੀ ਜਾਣ ਵਾਲੀ ਵਰਕਰਜ਼ ਕੰਪਨਸੇਸ਼ਨ ਕਵਰੇਜ ਐਪ-ਅਧਾਰਿਤ ਰਾਈਡ-ਹੇਲ ਅਤੇ ਡਿਲੀਵਰੀ ਕਾਮਿਆਂ 'ਤੇ ਲਾਗੂ ਹੁੰਦੀ ਹੈ
- ਰਾਈਡ-ਹੇਲ ਜਾਂ ਡਿਲੀਵਰੀ ਸੇਵਾਵਾਂ ਦੌਰਾਨ ਕੰਮ ਕਰਦੇ ਸਮੇਂ ਸੱਟ ਲੱਗਣ ਦੀ ਸਥਿਤੀ ਵਿੱਚ ਕਾਮੇ ਵਰਕਰਜ਼ ਕੰਪਨਸੇਸ਼ਨ ਬੈਨਿਫ਼ਿਟਸ ਲਈ ਯੋਗ ਹੁੰਦੇ ਹਨ
- ਪਲੈਟਫਾਰਮ ਕੰਪਨੀਆਂ ਦੀਆਂ ਜ਼ਿੰਮੇਵਾਰੀਆਂ ਵਿੱਚ ਇਹ ਸ਼ਾਮਲ ਹਨ:
  - 'ਵਰਕਸੇਫ਼ ਬੀ ਸੀ' ਕੋਲ ਕਵਰੇਜ ਲਈ ਰਜਿਸਟਰ ਕਰਨਾ ਅਤੇ ਪ੍ਰੀਮੀਅਮਾਂ ਦਾ ਭੁਗਤਾਨ ਕਰਨਾ
  - ਕਾਮਿਆਂ ਦੀ ਸੁਰੱਖਿਆ ਯਕੀਨੀ ਬਣਾਉਣ ਲਈ ਸਿਹਤ ਅਤੇ ਸੁਰੱਖਿਆ ਨਿਯਮਾਂ ਦੀ ਪਾਲਣਾ ਕਰਨਾ
  - ਕੰਮ ਦੀ ਥਾਂ 'ਤੇ ਲੱਗੀਆਂ ਸੱਟਾਂ ਅਤੇ ਬਿਮਾਰੀਆਂ ਦੀ ਰਿਪੋਰਟ ਕਰਨਾ
  - ਗੰਭੀਰ ਘਟਨਾਵਾਂ ਦੀ ਜਾਂਚ ਕਰਨਾ

ਐਪ-ਅਧਾਰਿਤ ਰਾਈਡ-ਹੇਲ ਅਤੇ ਡਿਲੀਵਰੀ ਸੇਵਾਵਾਂ ਦੇ ਕਾਮਿਆਂ ਲਈ ਵਰਕਰਜ਼ ਕੰਪਨਸੇਸ਼ਨ ਕਵਰੇਜ ਬਾਰੇ ਵਧੇਰੇ ਜਾਣਕਾਰੀ, ਇਸ ਲਿੰਕ 'ਤੇ ਉਪਲਬਧ ਹੈ: https://www.worksafebc.com/pa/about-us/news-events/campaigns/online-platform